# ਜਗਰਾਉਂ ਵਿਚ ਨਵੇਂ ਜੁਡੀਸ਼ਲ ਕੰਪਲੈਕਸ ਦਾ ਉਦਘਾਟਨ

ਜਗਰਾਉਂ: ਇਸ ਸ਼ਹਿਰ ਦੇ 12 ਕਰੋੜ 72 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਗਏ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਨਵੇਂ ਜੁਡੀਸ਼ਲ ਕੰਪਲੈਕਸ ਦਾ ਉਦਘਾਟਨ ਬੀਤੇ ਦਿਨੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸ੍ਰੀ ਮੁਕਲ ਮੁਦਗਿਲ ਨੇ ਕੀਤਾ। ਚੀਫ ਜਸਟਿਸ ਦਾ ਇਥੇ ਪੁੱਜਣ ਉਤੇ ਜਗਰਾਉਂ ਦੇ ਜੱਜ ਸਾਹਿਬਾਨ, ਬਾਰ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਚੀਫ ਜਸਟਿਸ ਸ੍ਰੀ ਮੁਦਗਿਲ ਨੇ ਜਗਰਾਉਂ ਦੇ ਜੁਡੀਸ਼ਲ ਕੰਪਲੈਕਸ ਨੂੰ ਪੰਜਾਬ ਦਾ ਸਭ ਤੋਂ ਸ਼ਾਨਦਾਨ ਜੁਡੀਸ਼ਲ ਕੰਪਲੈਕਸ ਦੱਸਦਿਆਂ ਇਲਾਕਾ ਨਿਵਾਸੀਆਂ ਨੂੰ ਵਧਾਈ ਦਿੱਤੀ। ਚੀਫ ਜਸਟਿਸ ਸ੍ਰੀ ਮੁਦਗਿਲ ਨੇ ਇਸ ਮੌਕੇ ਜੈਤੋਂ ਦੇ ਮੋਰਚੇ ਦੇ ਨਾਇਕ ਸ. ਕਰਤਾਰ ਸਿੰਘ ਗਿੱਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੇ ਬੇਟੇ ਸ. ਜੋਗਿੰਦਰ ਸਿੰਘ ਗਿੱਲ ਐਡਵੋਕੇਟ ਅਤੇ ਪੋਤਰੇ ਅਮਰੀਕਾ ਨਿਵਾਸੀ ਸ. ਜਸਵਿੰਦਰ (ਜੱਸੀ) ਸਿੰਘ ਗਿੱਲ (ਮਾਲਕ ਗੋਲਡਨ ਸਟੇਟ ਰਿਐਲਟੀ) ਦੀ ਉਚੇਚੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਜੁਡੀਸ਼ਲ ਕੰਪਲੈਕਸ ਦੇ ਬਾਰ ਰੂਮ ਦਾ ਸਾਰਾ ਫਰਨੀਚਰ ਲੈ ਕੇ ਦਿੱਤਾ। ਇਸ ਮੌਕੇ ਚੀਫ ਜਸਟਿਸ ਨੇ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਨੂੰ ਇਕ ਸਨਾਮਨ ਚਿੰਨ੍ਹ ਵੀ ਭੇਟ ਕੀਤਾ। ਜਸਟਿਸ ਐਮ ਐਮ ਕੁਮਾਰ ਨੇ ਚੀਫ ਜਸਟਿਸ ਨੂੰ ਜੈਤੋ ਦੇ ਮੋਰਚੇ ਬਾਰੇ ਦੱਸਿਆ ਕਿ ਕਿਵੇਂ ਸਿੱਖਾਂ ਨੇ ਗੋਰੀ ਹਕੂਮਤ ਦੇ ਜ਼ੁਲਮਾਂ ਵਿਰੁਧ ਲੜਦਿਆਂ ਅਥਾਹ ਕੁਰਬਾਨੀਆਂ ਕੀਤੀਆਂ।

ਹੋਰਨਾਂ ਤੋਂ ਇਲਾਵਾ ਇਸ ਸਮਾਗਮ ਸਮੇਂ ਜਥੇਦਾਰ ਹਰਸੁਰਿੰਦਰ ਸਿੰਘ ਗਿੱਲ, ਐਸ ਡੀ ਐਮ ਮੁਕੰਦ ਸਿੰਘ ਸੰਧੂ, ਚੇਅਰਮੈਨ ਭਾਗ ਸਿੰਘ ਮੱਲ੍ਹਾ, ਸਾਬਕਾ ਐਮ ਪੀ ਗੁਰਚਰਨ ਸਿੰਘ ਗਾਲਿਬ, ਡੀ ਸੀ ਰਾਹੁਲ ਤਿਵਾੜੀ, ਸੈਸ਼ਨ ਜੱਜ ਐਸ ਪੀ ਬਾਂਗੜ, ਜੱਜ ਜਗਦੀਪ ਸਿੰਘ ਮਰੋਕ, ਜੱਜ ਮੈਡਮ ਗਿਰੀਸ, ਜੱਜ ਰਵੀਇੰਦਰ ਸਿੰਘ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਜੋਤੀ ਸਰੂਪ ਸਹਿਗਲ, ਐਡਵੋਕੇਟ ਰਣਜੀਤ ਸਿੰਘ ਰੂਮੀ, ਐਡਵੋਕੇਟ ਗੁਰਤੇਜ ਸਿੰਘ ਗਿੱਲ ਗਿੱਦੜਵਿੰਡੀ, ਐਡਵੋਕੇਟ ਜਰਨੈਲ ਸਿੰਘ ਖਹਿਰਾ ਗਿੱਦੜਵਿੰਡੀ, ਐਡਵੋਕੇਟ ਅਮਰਜੀਤ ਸਿੰਘ ਲਾਂਬਾ, ਚਰਨਜੀਤ ਸਿੰਘ ਗਿੱਲ ਗਿੱਦੜਵਿੰਡੀ, ਸ਼ਿਵਜਿੰਦਰ ਸਿੰਘ ਗਿੱਲ ਐਸ ਡੀ ਓ ਗਿੱਦੜਵਿੰਡੀ,ਐਡਵੋਕੇਟ ਜਗਤਾਰ ਸਿੰਘ ਬਾਸੀ, ਐਡਵੋਕੇਟ ਪ੍ਰੀਤ ਇੰਦਰ ਕੌਂਸਲ, ਐਡਵੋਕੇਟ ਸੰਤੋਖ ਸਿੰਘ ਦਿਓਲ, ਐਡਵੋਕੇਟ ਰਾਜਿੰਦਰਪਾਲ ਸਿੰਘ ਚਾਹਲ, ਐਡਵੋਕੇਟ ਅਵੇਰਾਜ ਸਿੰਘ ਗਿੱਲ, ਐਡਵੋਕੇਟ ਰਾਕੇਸ਼ ਬੇਰੀ, ਐਡਵੋਕੇਟ ਜੋਰਾਵਰ ਸਿੰਘ ਵਿਰਕ, ਐਡਵੋਕੇਟ ਸੁਖਵਿੰਦਰ ਸਿੰਘ, ਐਡਵੋਕੇਟ ਅੰਜੂ ਟੰਡਨ, ਐਡਵੋਕੇਟ ਅਸ਼ਵਨੀ ਅਤਰੇ, ਐਡਵੋਕੇਟ ਰਾਜ ਕੁਮਾਰ, ਐਡਵੋਕੇਟ ਮੁਖਤਿਆਰ ਸਿੰਘ ਗਰਚਾ ਹਾਜ਼ਰ ਸਨ। ਮੰਚ ਸੰਚਾਲਨ ਪ੍ਰਿੰ. ਵਰਿੰਦਰ ਕੌਰ ਨੇ ਕੀਤਾ।



ਚੀਫ ਜਸਟਿਸ ਸ੍ਰੀ ਮੁਕਲ ਮੁਦਗਿਲ ਅਤੇ ਜਸਟਿਸ ਐਮ ਐਮ ਕੁਮਾਰ ਐਡਵੋਕੇਟ ਜੋਗਿੰਦਰ ਸਿੰਘ ਗਿੱਲ ਨੂੰ ਸਨਾਮਨ ਚਿੰਨ੍ਹ ਭੇਟ ਕਰਦੇ ਹੋਏ






*Sponsored Page*